aglasem.com

FOR PUNJAB CLASS 10 PREPARATION

PSEB 10th Class Syllabus 2027 Music (Instrumental)

EXAM	YEAR	TYPE	SUBJECT
Punjab Class 10	2027	Syllabus	Music

ਸਾਲ: 2026-27

ਸੰਗੀਤ- Instrumental

ਸ਼੍ਰੇਣੀ - ਦਸਵੀਂ

ਪਾਠਕ੍ਰਮ (ਲਿਖਤੀ)

ਭਾਗ - ੳ

ਹੇਠ ਲਿਖਿਆਂ ਦੀਆਂ ਪਰਿਭਾਸ਼ਾਵਾਂ

1. ਸਪਤਕ, ਚਲਸੂਰ, ਅਚਲ ਸੂਰ, ਅਲੰਕਾਰ, ਸ਼ਰੂਤੀ, ਠਾਅ, ਦੁਗਣ, ਵਕਰ ਸੂਰ, ਝਾਲਾ ਸਥਾਈ ਅੰਤਰਾ ।
2. ਥਾਟ, ਥਾਟ ਦੇ ਨਿਯਮ ਅਤੇ ਭਾਤਖੰਡੇ ਜੀ ਦੇ ਦਸ ਥਾਟ ।
3. ਤੋੜਾ, ਬਰਾਬਰ ਦਾ ਤੋੜਾ, ਦੁਗਣ ਦੇ ਤੋੜਾ ।
4. ਸੰਗੀਤ ਦਾ ਸਾਜ਼ ਸਿਤਾਰ, ਇਤਿਹਾਸ ਅਤੇ ਅੰਗ ਵਰਣਨ ।
5. ਪੰਡਤ ਵਿਸ਼ਨੂੰ ਨਰਾਇਣ ਭਾਤਖੰਡੇ ਜੀ ਦੀ ਸੁਰਲਿਪੀ ਅਤੇ ਤਾਲ ਲਿਪੀ ਦੀ ਵਰਣਨ ।
6. ਗਤ, ਮਸੀਤਖਾਨੀ ਗਤ, ਰਜਾਖਾਨੀ ਗਤ ।
7. ਵਾਦਕ ਦੇ ਗੁਣ ਤੇ ਦੋਸ਼ ।
8. ਥਾਟ ਅਤੇ ਰਾਗ ਤੇ ਨਿਯਮਾਂ ਦੀ ਆਪਸੀ ਤੁਲਨਾ ।
9. ਪੰਜਾਬ ਦੇ ਲੋਕ ਸਾਜ ਢੋਲ, ਢੋਲਕੀ, ਚਿਮਟਾ, ਅਲਗੋਜ਼ਾ, ਢੱਡ, ਸਾਰੰਗੀ, ਬਾਂਸੂਰੀ, ਕਾਟੋ, ਸੱਪ, ਘੜਾ, ਤੁੰਬੀ, ਨਗਾੜਾ, ਖੜਤਾਲ, ਡਫਲੀ ।
10. ਜੀਵਨੀ ਪੰਡਤ ਨਿਖਿਲ ਬੈਨਰਜੀ ।

ਭਾਗ - ਅ

1. ਪਾਠਕ੍ਰਮ ਦੇ ਰਾਗਾਂ ਭੁਪਾਲੀ, ਖਮਾਜ ਅਤੇ ਭੈਰਵ ਦੀ ਜਾਣ ਪਛਾਣ ਦੇ ਆਰੋਹ, ਅਵਰੋਹ ਪਕੜ, ਰਜਾਖਾਨੀ ਜਾਂ ਮਸੀਤਖਾਨੀ ਗਤ ਦੀ ਸੁਰਲਿਪੀ ।
2. ਪਾਠਕ੍ਰਮ ਦੀਆਂ ਤਾਲਾਂ ਇੱਕ ਤਾਲ, ਰੂਪਕ, ਚੋਤਾਲ ਦੀ ਜਾਣ-ਪਛਾਣ ਅਤੇ ਸੁਰ ਲਿਪੀ ਪ੍ਰਸ਼ਨ-ਪੱਤਰ ਦੀ ਰੂਪ-ਰੇਖਾ (ਪ੍ਰਯੋਗੀ) ।

   ਨੋਟ:-ਪ੍ਰਯੋਗੀ ਪ੍ਰੀਖਿਆ ਦੀ ਇੱਕ ਟੋਲੀ ਵਿੱਚ 9 ਤੋਂ ਵੱਧ ਵਿਦਿਆਰਥੀ ਨਹੀਂ ਹੋਣੇ ਚਾਹੀਦੇ । ਪ੍ਰਸ਼ਨ-ਪੱਤਰ ਮੌਕੇ ਤੇ ਤਿਆਰ ਕੀਤਾ ਜਾਵੇਗਾ । ਪ੍ਰਯੋਗੀ ਪ੍ਰੀਖਿਆ ਦਾ ਪ੍ਰਸ਼ਨ-ਪੱਤਰ ਤਿਆਰ ਕਰਨ ਸਮੇਂ ਲਿਖਤੀ ਪੇਪਰ ਤੇ ਪਾਠਕ੍ਰਮ ਦਾ ਧਿਆਨ ਰੱਖਣ ਦੇ ਨਾਲ਼ ਨਾਲ਼ ਹੇਠ ਲਿਖੀਆਂ ਹਿਦਾਇਤਾਂ ਦੀ ਪਾਲਣਾ ਕੀਤੀ ਜਾਵੇਗੀ ।

1. ਪਾਠਕ੍ਰਮ ਦੇ ਰਾਗਾਂ ਵਿੱਚੋਂ ਵਿਦਿਆਰਥੀ ਦੇ ਚੋਣ ਵਾਲੇ ਕਿਸੇ ਇੱਕ ਰਾਗ ਵਿੱਚ ਵੱਡਾ ਖਿਆਨ ਜਾਂ ਛੋਟੇ ਖਿਆਨ ਨੂੰ ਅਲਾਪ, ਤਾਨਾ ਸਮੇਤ ਗਾਇਨ ਕਰਨਾ । ਇਸ ਲਈ ਸਮਾਂ 4 ਮਿੰਟ ਦਾ ਹੋਵੇਗਾ ।
2. ਪਾਠਕ੍ਰਮ ਦੇ ਰਾਗਾਂ ਵਿੱਚੋਂ ਪ੍ਰੀਖਿਅਕ ਦੀ ਚੋਣ ਵਾਲੇ ਕਿਸੇ ਇੱਕ ਵਿੱਚ ਵੱਡਾ ਖਿਆਨ ਜਾਂ ਛੋਟੇ ਖਿਆਨ ਨੂੰ ਅਲਾਪ, ਤਾਨਾ ਸਮੇਤ ਗਾਇਨ ਕਰਨਾ । ਇਸ ਲਈ ਸਮਾਂ 4 ਮਿੰਟ ਦਾ ਹੋਵੇਗਾ ।
3. ਪਾਠਕ੍ਰਮ ਦੀਆਂ ਤਾਲਾਂ ਵਿੱਚੋਂ ਕਿਸੇ ਇੱਕ ਤਾਲ ਦੇ ਬੋਲਾਂ ਨੂੰ ਹੱਥ ਨਾਲ ਤਾਲੀ ਦੇ ਕੇ ਉਚਾਰਣ ਕਰਨ । ਇਸ ਲਈ ਸਮਾਂ 4 ਮਿੰਟ ਦਾ ਹੋਵੇਗਾ ।
4. ਦਿੱਤੀਆਂ ਸੁਰਸੰਗਤੀਆਂ ਤੋਂ ਪਾਠਕ੍ਰਮ ਦੇ ਰਾਗਾਂ ਦੀ ਜਾਣ ਪਛਾਣ ਕਰਨੀ । ਇਸ ਲਈ ਸਮਾਂ 4 ਮਿੰਟ ਦਾ ਹੋਵੇਗਾ ।
5. ਉਪਰੋਕਤ ਰਾਗਾਂ ਵਿੱਚੋਂ ਕਿਸੇ ਇੱਕ ਰਾਗ ਵਿੱਚ ਭਜਨ, ਸ਼ਬਦ, ਲੋਕ ਗੀਤ ਦਾ ਗਾਇਨ ਕਰਨਾ । ਇਸ ਲਈ ਸਮਾਂ 4 ਮਿੰਟ ਦਾ ਹੋਵੇਗਾ ।

ਕਿਰਿਆਤਮਕ (ਪਾਠਕ੍ਰਮ)

1. ਪਾਠਕ੍ਰਮ ਦੇ ਰਾਗਾਂ ਭੁਪਾਲੀ, ਖਮਾਜ ਅਤੇ ਭੈਰਵ ਰਜਾਖਾਨੀ ਜਾਂ ਮਸੀਤਖਾਨੀ ਗਤ ਆਰੋਹ ਅਵਰੋਹ ਪਕੜ, ਅਲਾਪ ਤੇ ਦੋ ਤੋੜਿਆਂ ਸਹਿਤ ।
2. ਪਾਠਕ੍ਰਮ ਦੀਆਂ ਤਾਲਾਂ ਇੱਕ ਤਾਲ, ਰੂਪਕ ਚੌਤਾਲ ਨੂੰ ਠਾਹ, ਦੁਗਣ ਲੋਅ ਵਿੱਚ ਹੱਥ ਨਾਲ ਤਾਲੀ ਦੇ ਕੇ ਉਚਾਰਣ ਕਰਨਾ ।
3. ਕਿਸੇ ਵੀ ਰਾਗ ਵਿੱਚ ਧੁਨ ਦਾ ਵਾਦਨ ਕਰਨਾ ।
4. ਰਾਸ਼ਟਰੀ ਗਾਨ ਦਾ ਸਿਤਾਰ ਤੇ ਵਾਦਨ ਕਰਨਾ ।

ਪਾਠ-ਪੁਸਤਕਾਂ

1. ਵਾਦਨ (ਪੰਜਾਬੀ) ਮੈਟ੍ਰਿਕ ਸ਼੍ਰੇਣੀ ਲਈ, ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪ੍ਰਕਾਸ਼ਿਤ
2. ਵਾਦਨ (ਹਿੰਦੀ) ਮੈਟ੍ਰਿਕ ਸ਼੍ਰੇਣੀ ਲਈ, ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪ੍ਰਕਾਸ਼ਿਤ